# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/75159-199
ਮਿਤੀ,ਚੰਡੀਗੜ੍ਹ 13-06-2011

ਵਿਸ਼ਾ :- **ਨੈਸ਼ਨਲ ਇੰਟੇਗਰੇਸ਼ਨ ਐਂਡ ਕਮਿਊਨਲ ਹਾਰਮੋਨੀ (National Integration and Communal Harmony) ਸਬੰਧੀ ਸੁਲੇਖ ਮੁਕਾਬਲਾ ਕਰਵਾਉਣ ਬਾਰੇ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਸਕੂਲੀ ਵਿਦਿਆਰਥੀਆਂ ਲਈ ਨੌਵੀਂ ਤੋਂ ਬਾਰ੍ਹਵੀਂ ਜਮਾਤਾਂ ਵਿੱਚ ਪੜ੍ਹ ਰਹੇ ਸਕੂਲੀ ਵਿਦਿਆਰਥੀਆਂ ਲਈ ਸੁਲੇਖ ਮੁਕਾਬਲਾ ਹੋਣ ਜਾ ਰਿਹਾ ਹੈ।

2.1 **ਥੀਮ** :- ਜਿਸ ਦੀ ਮੁੱਖ ਥੀਮ ਨੈਸ਼ਨਲ ਇੰਟੇਗਰੇਸ਼ਨ ਅਤੇ ਕਮਿਊਨਲ ਹਾਰਮੋਨੀ ਹੈ।

2.2 ਇਸ ਮੁਕਾਬਲੇ ਦਾ ਮਾਧਿਅਮ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਹੋ ਸਕਦਾ ਹੈ।

2.4 **ਮਿਤੀ ਅਤੇ ਦੇਖ ਰੇਖ** :- ਇਹ ਮੁਕਾਬਲਾ ਜ਼ਿਲ੍ਹਾ ਪੱਧਰ ਤੇ ਮਿਤੀ 24-08-2011 ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੇ ਦੇਖ ਰੇਖ ਵਿੱਚ ਕਰਵਾਇਆ ਜਾਵੇਗਾ, ਜਿਸ ਦਾ ਨੋਡਲ ਅਫ਼ਸਰ ਸਬੰਧਤ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਹੋਵੇਗਾ।

2.5 **ਇਨਾਮ** :- ਜ਼ਿਲ੍ਹਾ ਪੱਧਰ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ 1000/- ਰੁਪਏ (ਇੱਕ ਹਜ਼ਾਰ ਰੁਪਏ), ਦੂਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ 600/- ਰੁਪਏ (ਛੇ ਸੋ ਰੁਪਏ) ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ 400/- ਰੁਪਏ (ਚਾਰ ਸੋ ਰੁਪਏ) ਦੇ ਨਗਦ ਭਾਰਤ ਸਰਕਾਰ ਵੱਲੋਂ ਦਿੱਤੇ ਜਾਣਗੇ। ਇਸ ਸੁਲੇਖ ਮੁਕਾਬਲੇ ਵਿੱਚੋਂ ਜ਼ਿਲ੍ਹਾ ਪੱਧਰ ਤੇ ਪਹਿਲੀਆਂ ਤਿੰਨ ਪੋਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਵਾਂ ਦੀ ਘੋਸ਼ਣਾ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਜਨਮ ਦਿਵਸ ( ਦੋ ਅਕਤੂਬਰ) ਨੂੰ ਕੀਤੀ ਜਾਵੇਗੀ ਅਤੇ ਇਨਾਮਾਂ ਦੀ ਵੰਡ ਜ਼ਿਲ੍ਹਾ ਪੱਧਰ ਦੀ ਗਣਤੰਤਰ ਦਿਵਸ, 2011 ਦੀ ਪਰੇਡ ਦੌਰਾਨ ਨਗਦ ਇਨਾਮ ਦਿੱਤੇ ਜਾਣਗੇ।

ਪਿਛਲੇ ਪੰਨੇ ਤੋਂ ਅੱਗੇ

2.6 **ਟੀ.ਏ./ਡੀ.ਏ.**:- ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਆਉਣ ਜਾਣ ਦਾ ਅਸਲ ਬੱਸ ਕਿਰਾਏ ਤੋਂ ਇਲਾਵਾ 250/- ਰੁਪਏ (ਢਾਈ ਸੋ ਰੁਪਏ) ਖਾਣੇ ਅਤੇ ਠਹਿਰਨ ਦੇ ਪ੍ਰਬੰਧ ਲਈ ਵੀ ਦਿੱਤੇ ਜਾਣਗੇ।ਜ਼ਿਲ੍ਹਾ ਪੱਧਰ ਦੇ ਸੁਲੇਖ ਮੁਕਾਬਲੇ ਦੇ ਜੱਜਾਂ ਦੇ ਤਿੰਨ ਮੈਂਬਰੀ ਪੈਨਲ ਨੂੰ ਕੁੱਲ 1000/- ਰੁਪਏ ਮਾਣ ਭੱਤਾ ਭਾਰਤ ਸਰਕਾਰ ਵੱਲੋਂ ਦਿੱਤਾ ਜਾਵੇਗਾ। ਪ੍ਰਬੰਧਕੀ ਖਰਚਾ ਪ੍ਰਤੀ ਜ਼ਿਲ੍ਹਾ ਨੋਡਲ ਅਫ਼ਸਰ ਨੂੰ ਇਹ ਸੁਲੇਖ ਮੁਕਾਬਲਾ ਕਰਵਾਉਣ ਲਈ ਅਤੇ ਸਰਟੀਫਿਕੇਟ ਬਣਾਉਣ ਲਈ 500/-ਰੁਪਏ (ਪੰਜ ਸੋ ਰੁਪਏ) ਜ਼ਿਲ੍ਹਾ, ਖਰਚਾ ਦਿੱਤਾ ਜਾਵੇਗਾ। ਇਸ ਸੁਲੇਖ ਮੁਕਾਬਲੇ ਨੂੰ ਕੰਡਕਟ ਕਰਨ ਉਪਰੰਤ ਜ਼ਿਲ੍ਹਾਵਾਈਜ਼ ਪਹਿਲੀਆਂ ਤਿੰਨ ਪੋਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਂ ਸਤੰਬਰ 7, 2011 ਤੱਕ ਮੁੱਖ ਦਫ਼ਤਰ ਪਹੁੰਚਾਉਣਾ ਲਾਜ਼ਮੀ ਹੋਵੇਗਾ, ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰ ਤੇ ਚੁਣੇ ਗਏ ਉਤਮ ਵਿਦਿਆਰਥੀਆਂ ਦੇ ਸੁਲੇਖਾਂ ਦੀ ਕਿਤਾਬ ਵੀ ਪ੍ਰਕਾਸ਼ਿਤ ਕਰਵਾਈ ਜਾ ਸਕਦੀ ਹੈ ਜਾਂ ਲੋਕਲ ਅਖ਼ਬਾਰਾਂ ਵਿੱਚ ਸੁਲੇਖ ਦੇਣ ਦੀ ਤਜਵੀਜ਼ ਹੈ।ਜਿਸ ਦੀ ਨਿਰੋਲ ਜ਼ਿੰਮੇਵਾਰੀ ਜ਼ਿਲ੍ਹਾ ਨੋਡਲ ਅਫ਼ਸਰ ਦੀ ਹੋਵੇਗੀ।

3.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**